NEXT IAS

URC-U-PNJB

# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

ਨਿਰਧਾਰਿਤ ਸਮਾਂ : ਤਿੰਨ ਘੰਟੇ
*Time Allowed : Three Hours*

ਕੁੱਲ ਅੰਕ : 250
*Maximum Marks : 250*

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ** ਭਾਗਾਂ ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

NEXT IAS

## SECTION A

**Q1.** ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਤੱਕ ਸੀਮਿਤ ਰੱਖੋ । *10×5=50*

(a) ਸੁਰ (ਟੋਨ) ਪੰਜਾਬੀ ਭਾਸ਼ਾ ਦੀ ਵਿਲੱਖਣ ਪਛਾਣ ਕਿਉਂ ਮੰਨੀ ਜਾਂਦੀ ਹੈ ? *10*

(b) ਪੰਜਾਬੀ ਦਾ ਜਨਮ ਪੈਸ਼ਾਦੀ ਅਪਭ੍ਰੰਸ਼ ਤੋ ਹੋਣ ਦੀ ਧਾਰਨਾਂ ਕਿਸ ਦੀ ਦੇਣ ਹੈ ? ਇਹ ਧਾਰਨਾਂ ਉਚਿਤ ਹੈ ਜਾਂ ਅਨਉਚਿਤ ? *10*

(c) ਪੰਜਾਬੀ ਵਿੱਚ ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਦੇ ਮੁੱਖ ਪੈਟਰਨ ਉਦਾਹਰਨਾਂ ਦੇ ਕੇ ਸਮਝਾਓ । *10*

(d) ਗੁਰਮੁਖੀ ਲਿਪੀ ਦੇ ਆਰੰਭ ਅਤੇ ਵਿਕਾਸ ਬਾਰੇ ਭਾਵਪੂਰਨ ਚਰਚਾ ਕਰੋ । *10*

(e) ਪੰਜਾਬੀ ਸਾਹਿਤ ਪਰੰਪਰਾ ਵਿੱਚ ਕਿੱਸਾ-ਕਾਵਿ ਨੂੰ ਵਿਸ਼ੇਸ਼ ਮਹੱਤਤਾ ਕਿਉਂ ਪ੍ਰਾਪਤ ਹੈ ? *10*

**Q2.** (a) ਪੰਜਾਬੀ ਵਿਚ ਵਾਕਾਂ ਦੀਆਂ ਕਿਸਮਾਂ ਦੀ ਜਾਣਕਾਰੀ ਦਿੰਦੇ ਹੋਏ, ਸਾਧਾਰਨ ਵਾਕ ਦੀ ਬਣਤਰ ਦੇ ਪੰਜ ਮੁਖ ਪੈਟਰਨ ਉਦਾਹਰਣਾਂ ਦੇ ਕੇ ਸਪਸ਼ਟ ਕਰੋ । *20*

(b) ਪੰਜਾਬੀ ਦੀਆਂ ਸਵੱਰ ਧੁਨੀਆਂ ਦਾ ਵਰਗੀਕਰਨ ਉਨ੍ਹਾਂ ਦੇ ਉਚਾਰਣ ਲਈ ਲੋੜੀਂਦੀ ਜੀਭ ਤੇ ਬੁਲ੍ਹਾਂ ਦੀ ਵਰਤੋਂ ਦੇ ਆਧਾਰ ਉਤੇ ਕਰੋ । *15*

(c) ਜਨਮ ਸਾਖੀਆਂ ਦੀਆਂ ਮੁਖ ਪਰੰਪਰਾਵਾਂ ਦੀ ਜਾਣਕਾਰੀ ਦਿਉ । *15*

**Q3.** (a) ਮਾਝੀ ਤੇ ਪੋਠੋਹਾਰੀ ਕਿਹੜੇ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ ? ਇਨ੍ਹਾਂ ਦੀਆਂ ਵਿਲਖਣ ਵਿਸ਼ੇਸ਼ਤਾਵਾਂ ਨਾਲ ਤੁਲਨਾਤਮਕ ਜਾਣ ਪਛਾਣ ਕਰਾਉ । *20*

(b) ਪੂਰਵ ਨਾਨਕ ਕਾਲ ਦੇ ਵਾਰ ਸਾਹਿਤ ਦੀ ਜਾਣਕਾਰੀ ਦਿਉ । *15*

(c) ਪੰਜਾਬੀ ਭਾਸ਼ਾ ਦੇ ਜਨਮ ਬਾਰੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਵਿਚਾਰ ਦੱਸੋ । *15*

NEXT IAS

**Q4.** (a) ਗੁਰਮਤਿ ਤੇ ਸੂਫ਼ੀ ਕਾਵਿ-ਧਾਰਾਵਾਂ ਵਿਚ ਸਮਾਨਤਾਵਾਂ ਅਤੇ ਸਿੱਧਾਂਤਕ ਵਖਰੇਵਿਆਂ ਦੀ ਜਾਣਕਾਰੀ ਉਦਾਹਰਣਾਂ ਸਹਿਤ ਦਿਉ । *20*

(b) ਆਰੰਭਕ ਪੰਜਾਬੀ ਭਾਸ਼ਾ ਦੇ ਮੁਕਾਬਲੇ ਵਰਤਮਾਨ ਭਾਸ਼ਾ ਤੱਕ ਆਏ ਅੰਤਰ ਦੀ ਪ੍ਰਕਿਰਿਆ ਦਾ ਵਿਵੇਚਨ ਕਰੋ । *15*

(c) ਪੰਜਾਬੀ ਭਾਸ਼ਾ ਨੂੰ ਸ਼ੁਧ ਰੂਪ ਵਿਚ ਲਿਖਣ ਲਈ ਦੇਵ ਨਾਗਰੀ, ਪਰਸ਼ੀਅਨ ਤੇ ਰੋਮਨ ਲਿਪੀਆਂ ਕਿਉਂ ਤੇ ਕਿਵੇਂ ਅਧੂਰੀਆਂ ਹਨ ? *15*

NEXT IAS

## SECTION B

**Q5.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਤੱਕ ਸੀਮਿਤ ਰੱਖੋ ।** *10×5=50*

(a) ਪ੍ਰਯੋਗ ਵਾਦੀਆਂ ਨੇ ਅੰਮ੍ਰਿਤਾ-ਮੋਹਨ ਸਿੰਘ ਦੀ ਕਾਵਿ-ਧਾਰਾਂ ਦੀਆਂ ਕਿਹੜੀਆਂ ਸੀਮਾਵਾਂ ਤੋਂ ਮੁਕਤ ਹੋਣ ਦੀ ਦਲੀਲ ਦਿਤੀ ? *10*

(b) "ਲੋਕ ਗੀਤ ਦੀ ਸਿਰਜਨ ਪ੍ਰਕ੍ਰਿਆ ਹੀ ਇਸ ਨੂੰ ਗੀਤ ਨਾਲੋਂ ਨਿਖੇੜ ਦਿੰਦੀ ਹੈ ।" ਵਿਆਖਿਆ ਕਰੋ । *10*

(c) ਸੁਖਬੀਰ ਦੀ ਨਾਵਲ ਕਲਾ ਦੀ ਨਿਵੇਕਲੀ ਪਛਾਣ ਬਣਾਉਣ ਵਾਲੇ ਲੱਛਣ ਦਸੋ । *10*

(d) ਪ੍ਰੋ. ਮੋਹਨ ਸਿੰਘ ਦੀ ਪੰਜਾਬੀ ਮਹਾਂ-ਕਾਵਿ ਨੂੰ ਕੀ ਦੇਣ ਹੈ ? *10*

(e) ਉਰਦੂ ਫ਼ਾਰਸੀ ਨੇ ਪੰਜਾਬੀ ਸਾਹਿਤ ਨੂੰ ਸਮਾਜਕ ਤੇ ਸਭਿਆਚਾਰਕ ਪਖੋਂ ਕਿਵੇਂ ਪ੍ਰਭਾਵਿਤ ਕੀਤਾ ਹੈ ? *10*

**Q6.** (a) ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੇ ਮੁਖ ਲੱਛਣ ਦਸਦੇ ਹੋਏ ਇਸ ਦੇ ਦੋ ਪ੍ਰਤਿਨਿਧ ਕਵੀਆਂ ਨਾਲ ਜਾਣ ਪਛਾਣ ਕਰਵਾਉ । *20*

(b) ਪਰੰਪਰਾ ਤੇ ਆਧੁਨਿਕਤਾ ਬਾਰੇ ਡਾ. ਅਤਰ ਸਿੰਘ ਦੇ ਸੰਕਲਪ ਦੀ ਜਾਣਕਾਰੀ ਦਿਉ । *15*

(c) ਆਈ.ਸੀ. ਨੰਦਾ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੋਹਾਂ ਦਾ ਮੋਢੀ ਕਿਉਂ ਮੰਨਿਆ ਜਾਂਦਾ ਹੈ ? *15*

**Q7.** (a) ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਵਿਸ਼ੇ ਤੇ ਸ਼ੈਲੀ ਦੀ ਵੰਨ ਸੁਵੰਨਤਾ ਨਾਲ ਜਾਣ ਪਛਾਣ ਕਰਵਾਓ । *20*

(b) ਅਖਾਣਾਂ ਤੇ ਬੁਝਾਰਤਾਂ ਦਾ ਸਭਿਆਚਾਰਕ ਤੇ ਸਾਹਿਤਕ ਮਹਤਵ ਸਪਸ਼ਟ ਕਰੋ । *15*

(c) ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਵਾਰਤਕ ਨੇ ਪੰਜਾਬੀ ਸਾਹਿਤ ਤੇ ਸਮਾਜ ਨੂੰ ਕੀ ਦੇਣ ਦਿੱਤੀ ਹੈ ? *15*

**Q8.** (a) ਪੰਜਾਬੀ ਆਲੋਚਨਾ ਦਾ ਮੂੰਹ ਮੱਥਾ ਬਦਲਣ ਵਿਚ ਸੰਤ ਸਿੰਘ ਸੇਖੋਂ ਅਤੇ ਹਰਿਭਜਨ ਸਿੰਘ ਦਾ ਯੋਗਦਾਨ ਇਤਿਹਾਸਕ ਮਹੱਤਵ ਵਾਲਾ ਹੈ । – ਵਿਆਖਿਆ ਕਰੋ । *20*

(b) ਵਿਸ਼ੇ ਦੀ ਚੋਣ ਅਤੇ ਨਿਭਾਅ ਪਖੋਂ ਸੁਰਜੀਤ ਪਾਤਰ ਦੀ ਕਵਿਤਾ ਦੀ ਵਿਲੱਖਣਤਾ ਨਿਸ਼ਚਿਤ ਕਰੋ । *15*

(c) ਸੁਲਤਾਨਬਾਹੂ ਦੀਆਂ ਸੀਹਰਫ਼ੀਆਂ ਵਿਚੋ ਕਿਸਤਰਾਂ ਦੇ ਸੂਫ਼ੀ ਰਹੱਸਵਾਦ ਦੇ ਦਰਸ਼ਨ ਹੁੰਦੇ ਹਨ ? ਸਪਸ਼ਟ ਕਰੋ । *15*